# लोकी मैनु तेरा आखदे

ਧੁਨ- ਕਿੰਨਾ ਸੋਹਣਾ ਤੈਨੂੰ ਰੱਬ ਨੇ ਬਣਾਇਆ

( ਜਾਣੀ ਜਾਣ, ਦਿਲਾਂ ਦੀਆਂ ਜਾਣ ਕੇ,
ਮੇਰੀ ਇੱਕ ਮੁਸ਼ਕਿਲ ਨੂੰ ਹੱਲ ਕਰਦੇ* ।
ਮੇਰੇ ਵੱਲ, ਆ ਜਾ ਕੋਈ ਵੱਲ੍ਹ ਪਾ ਕੇ,
ਤੇ ਸਿੱਧੇ, ਤਕਦੀਰ ਮੇਰੀ ਦੇ, ਵੱਲ੍ਹ ਕਰਦੇ ।
ਮੇਰੀ ਅਗਲਾਂ ਨੂੰ ਸੁਣਕੇ, ਚੁੱਪ ਨਾ ਬੈਠੀ,
ਮੂੰਹ ਖੋਲ੍ਹ ਕੋਈ ਤਾਂ, ਗੱਲ ਕਰਦੇ* ।
ਮੇਰਾ ਕੰਮ ਤੇ ਤੂੰਹੀਓਂ, ਕਰਨਾ ਏ,
ਭਾਵੇਂ ਅੱਜ ਕਰਦੇ, ਭਾਵੇਂ ਕੱਲ ਕਰਦੇ ॥ )

ਓ ਮੇਰੇ ਦਾਤਾ ਮੇਰਾ, ਮਾਣ ਨਾ ਤੂੰ ਮੋੜ੍ਹੀ,
ਲੋਕੀਂ ਮੈਨੂੰ ਤੇਰਾ ਆਖਦੇ ॥
ਬਾਂਹ ਫੜ੍ਹਕੇ, ਕਦੇ ਨਾ ਮੇਰੀ ਛੋੜ੍ਹੀ* ॥,
ਲੋਕੀਂ ਮੈਨੂੰ ਤੇਰਾ ਆਖਦੇ ।
ਓ ਮੇਰੇ ਦਾਤਾ ਮੇਰਾ,,,,,,,,,,,,,,,,,,,,,,

ਤੇਰਾ ਦਿੱਤਾ, ਤੇਰਾ ਹੀ ਖਾਣਾ,
"ਤੇਰੇ ਦਰ ਤੋਂ, ਲੈ ਕੇ ਜਾਣਾ" ॥
ਹੋ ਇਸ ਦਰ ਤੋਂ, ਕਦੇ ਨਾ ਖ਼ਾਲੀ ਮੋੜੀ ॥,
ਲੋਕੀਂ ਮੈਨੂੰ ਤੇਰਾ ਆਖਦੇ,,,
ਓ ਮੇਰੇ ਦਾਤਾ ਮੇਰਾ,,,,,,,,,,,,,,,,,,,,,F

ਜੋਗੀਆ,,,, ਮੈਂ ਆਉਣਾ, ਤੇਰੇ ਕੋਲ ਵੇ ॥
ਮੈਂ ਆਉਣਾ, ਤੇਰੇ ਕੋਲ ਵੇ* ।
ਸੋਹਣਿਆ,,,, ਸੱਦ ਲੈ ਤੂੰ ਮੈਨੂੰ, ਆਪਣੇ ਕੋਲ ਵੇ ।
ਜੋਗੀਆ,,,, ਮੈਂ ਆਉਣਾ, ਤੇਰੇ ਕੋਲ ਵੇ ।

ਜੀ ਕਰਦਾ ਤੇਰੇ, ਕੋਲ ਮੈਂ ਜਾਵਾਂ,
"ਦਿਲ ਦੇ ਦੁੱਖੜੇ, ਖੋਲ੍ਹ ਸੁਣਾਵਾਂ" ॥
ਮੈਨੂੰ ਚਰਨਾਂ ਦੇ, ਨਾਲ ਸਦਾ ਜੋੜੀ ॥,
ਲੋਕੀਂ ਮੈਨੂੰ ਤੇਰਾ ਆਖਦੇ,,,
ਓ ਮੇਰੇ ਦਾਤਾ ਮੇਰਾ,,,,,,,,,,,,,,,,,,,,,F

ਪਿਆਰ ਤੇਰੇ ਨਾਲ, ਜਿੰਦਗੀ ਮੇਰੀ,
"ਕੀ ਕੀ ਦੱਸਾਂ, ਮੇਹਰ ਮੈਂ ਤੇਰੀ" ॥
ਮੁੱਖ ਕਦੇ ਨਾ, ਗ਼ਰੀਬ ਵਲੋਂ ਮੋੜੀ ॥,
ਲੋਕੀਂ ਮੈਨੂੰ ਤੇਰਾ ਆਖਦੇ,,,
ਓ ਮੇਰੇ ਦਾਤਾ ਮੇਰਾ,,,,,,,,,,,,,,,,,,,,,F

ਅਪਲੋਡਰ- ਅਨਿਲਰਾਮੂਰਤੀਭੋਪਾਲ

https://bhajanganga.com/bhajan/lyrics/id/25856/title/loki-mainu-tera-aakhde

अपने Android मोबाइल पर BhajanGanga App डाउनलोड करें और भजनों का आनंद ले |